**ਸੈਸ਼ਨ 2022 ਦੇ ਦਾਖਲੇ ਦੇ ਸਬੰਧ ਵਿਚ ਅਡੀਸ਼ਨਲ ਮਹੱਤਵਪੂਰਨ ਜਾਣਕਾਰੀ**

1. ਸੈਸ਼ਨ 2022 ਦੇ ਦਾਖਲੇ ਦੇ ਸਬੰਧ ਵਿਚ ਤਾਜਾ ਅਪਡੇਟ/ ਮੈਸੇਜ ਪ੍ਰਾਪਤ ਕਰਨ ਲਈ ਹਰ ਕੈਂਡੀਡੇਟ/ ਸਿਖਿਆਰਥੀ ਅਤੇ ਸਟਾਫ ਆਦਿ ਸਭ ਲਈ ਜਰੂਰੀ ਹੈ ਕਿ ਆਪਣੇ ਮੋਬਾਈਲ ਫੋਨਜ਼ ਉਪਰ SANDES app ਡਾਉਨਲੋਡ ਕੀਤਾ ਜਾਵੇ। ਇਸ ਐਪ ਉਪਰ ਦਾਖਲੇ ਦੇ ਸਬੰਧ ਵਿਚ ਮਹੱਤਵਪੂਰਨ/ ਤਾਜਾ ਜਾਣਕਾਰੀ ਹਰ ਸਮੇਂ ਮਿਲਦੀ ਹੈ।
2. ਰਜਿਸ਼ਟਰੇਸ਼ਨ ਲਈ ਅਪਲਾਈ ਕਰਦੇ ਸਮੇਂ ਮੈਡੀਕਲ ਫਿਟਨੈੱਸ ਸਰਟੀਫਿਕੇਟ (ਰਿਜਰਵੇਸ਼ਨ ਲੈਣ ਲਈ ਸਿਲੈਕਟ ਕੀਤੀ ਕੈਟਾਗਰੀ ਅਨੁਸਾਰ) ਇਹ ਆਪਸ਼ਨਲ ਹੈ, ਜਰੂਰੀ ਨਹੀਂ ਹੈ।
3. ਆਨ ਲਾਈਨ ਦਾਖਲਾ ਪੋਰਟਲ ਉਪਰ ਡੈਜੀਗਨੇਟਿਡ ਇੰਸਟੀਚਿਊਟਸ ਵਲੋਂ, ਡਾਕੂਮੈਂਟਸ ਵੈਰੀਫਿਕੇਸ਼ਨ ਸਮੇਂ ਦਿਵਿਆਂਗ ਕੈਟਾਗਰੀ ਦੇ ਸਰਟੀਫਿਕੇਟ ਅਨੁਸਾਰ ਅਜਿਹੇ ਕੈਂਡੀਡੇਟਸ ਦੀਆਂ ਟਰੇਡਾਂ ਦੀ ਮੈਪਿੰਗ ਕੀਤੀ ਜਾਵੇ। ਇਹ ਮੈਪਿੰਗ ਹਿਤ ਪੋਰਟਲ ਦੇ ਹੋਮ ਪੇਜ ਤੇ Manage online reporting Module = Assignment for Documents Verification = Candidate Category and Program/ Trade Mapping = Application Number and Date of Birth ਰਾਂਹੀਂ ਸਬਮਿਟ ਕਰਕੇ ਟਰੇਡ ਦੀ ਮੈਪਿੰਗ ਕਰਵਾ ਦਿੱਤੀ ਜਾਵੇਜੀ, ਉਪਰੰਤ ਦਿਵਿਆਂਗ ਕੈਟਾਗਰੀ ਦੇ ਉਮੀਦਵਾਰ ਆਪਣੀ ਟਰੇਡ ਚੁਆਇਸ ਭਰਨ ਦੇ ਯੋਗ ਹੋ ਜਾਣਗੇ।
4. ਡੈਜੀਗਨੇਟਿਡ ਇੰਸਟੀਚਿਊਟਸ ਵਲੋਂ ਆਪਣੇ ਡੀ.ਆਈ. ਦੇ ਲਾਗ ਇਨ ਵਿਚ, ਪ੍ਰੋਸੈਸਿੰਗ ਫੀਸ ਜਮਾਂ ਕਰਨ ਲਈ ਆਨ ਲਾਈਨ ਦਾਖਲਾ ਪੋਰਟਲ ਦੇ ਹੋਮਪੇਜ ਉਪਰ, manage online reporting medule = fee payment = manual fee updation = registration fee payment = application number and date of birth ਭਰ ਕੇ ਫੀਸ ਸਬਮਿਟ ਕੀਤੀ ਜਾਵੇ। ਉਪਰੰਤ ਕੈਂਡੀਡੇਟਸ ਦੇ ਦਾਖਲਾ ਫਾਰਮ, ਡਾਕੂਮੈਂਟ ਵੈਰੀਫਿਕੇਸ਼ਨ ਲਈ ਸ਼ੋਅ ਹੋਣਗੇ। ਇਹ ਡਾਕੂਮੈਂਟ ਵੈਰੀਫਾਈ ਕੀਤੇ ਜਾਣ।
5. ਰਜਿਸ਼ਟਰੇਸ਼ਨ ਲਈ ਅਪਲਾਈ ਕਰਦੇ ਸਮੇਂ ਸਾਰੇ ਦਸਤਾਵੇਜ ਅਪਲੋਡ ਕਰਨ ਲਈ ਜੇ.ਪੀ.ਜੀ. ਫਾਰਮਟ ਫਾਈਲ ਅਪਲੋਡ ਕੀਤੀ ਜਾਣੀ ਹੈ। ਕੇਵਲ ਵਾਧੂ ਯੋਗਤਾ ਲਈ ਪੀ.ਡੀ.ਐਫ. ਫਾਰਮਟ ਫਾਈਲ ਅਪਲੋਡ ਕੀਤੀ ਜਾਣੀ ਹੈ।
6. ਕੈਂਡੀਡੇਟਸ ਦੇ ਮਾਰਕਸ ਭਰਨ ਸਮੇਂ ਦਾਖਲਾ ਯੋਗਤਾ ਦੇ ਕੇਵਲ ਕੁੱਲ ਅੰਕ ਅਤੇ ਪ੍ਰਾਪਤ ਅੰਕ ਭਰੇ ਜਾਣੇ ਹਨ। ਇਸ ਦੇ ਨਾਲ ਟਰੇਡ ਦੀ ਦਾਖਲਾ ਯੋਗਤਾ ਅਨੁਸਾਰ ਕੰਪਲਸਰੀ ਵਿਸ਼ੇ ਜਿਵੇਂ ਕਿ ਮੈਥ, ਸਾਇੰਸ, ਪੰਜਾਬੀ ਜਾਂ ਡਰਾਇੰਗ ਵਿਸ਼ਿਆਂ ਦੇ ਪਾਸ ਜਾਂ ਫੇਲ ਸਟੇਟਸ ਭਰਿਆ ਜਾਣਾ ਹੈ।
7. ਟਰੇਡਾਂ ਦੀ ਦਾਖਲਾ ਯੋਗਤਾ ਅਨੁਸਾਰ, ਚੁਆਇਸ ਫਿਲਿੰਗ ਦੀ ਆਪਸ਼ਨ ਸ਼ੋਅ ਹੁੰਦੀ ਹੈ। ਅੱਠਵੀਂ ਕਲਾਸ ਦੀ ਦਾਖਲਾ ਯੋਗਤਾ ਵਾਲੀਆਂ ਟਰੇਡਾਂ ਦੀ ਚੁਆਇਸ ਭਰਨ ਲਈ ਲਾਜ਼ਮੀ ਹੈ ਕਿ ਉਮੀਦਵਾਰ ਵਲੋਂ ਰਜਿਸਟ੍ਰੇਸ਼ਨ ਫਾਰਮ ਵਿੱਚ ਅੱਠਵੀਂ ਕਲਾਸ ਦੇ ਅੰਕ ਭਰੇ ਹੋਣ। ਇਸੇ ਤਰਾਂ ਦਸਵੀਂ ਕਲਾਸ ਦੀਆਂ ਟਰੇਡਾਂ ਦੀ ਦਾਖਲਾ ਯੋਗਤਾ ਵਾਲੀਆਂ ਟਰੇਡਾਂ ਦੀ ਚੁਆਇਸ ਭਰਨ ਲਈ ਦਸਵੀਂ ਕਲਾਸ ਦੇ ਅੰਕ ਅਤੇ ਕੰਪਲਸਰੀ ਵਿਸ਼ੇ ਲਾਜ਼ਮੀ ਭਰੇ ਹੋਣ।
8. ਕੈਂਡੀਡੇਟਸ/ ਦਾਖਲਾ ਹੈਲਪ ਡੈਸਕਾਂ ਨੂੰ ਗਾਈਡ ਕੀਤਾ ਜਾਵੇ ਕਿ ਕੈਂਡੀਡੇਟਸ ਵਲੋਂ ਡਾਕੂਮੈਂਟ ਵੈਰਫਿਕੇਸ਼ਨ ਕਰਵਾਉਣ ਲਈ ਆਪਣੀ ਡੈਜੀਗਨੇਟਿਡ ਇੰਸਟੀਚਿਊਟ, ਧਿਆਨ ਪੁਰਵਕ ਸਿਲੈਕਟ ਕੀਤੀ ਜਾਵੇ। ਉਸੇ ਸਿਲੈਕਟ ਕੀਤੇ ਡੈਜੀਗਨੇਟਿਡ ਇੰਸਟੀਚਿਊਟ ਪਾਸ ਨਿੱਜੀ ਤੌਰ ਤੇ ਪੁੱਜ ਕੇ, ਪ੍ਰੋਸੈਸਿੰਗ ਫੀਸ ਸਬਮਿਟ ਕਰਵਾਈ ਜਾਵੇ ਅਤੇ ਡਾਕੂਮੈਂਟ ਵੈਰੀਫਾਈ ਕਰਵਾਏ ਜਾਣ।
9. ਡਾਕੂਮੈਂਟਸ ਵੈਰੀਫਿਕੇਸ਼ਨ ਲਈ ਪ੍ਰੋਸੈਸਿੰਗ ਫੀਸ ਸਬਮਿਟ ਕਰਨ ਤੋਂ ਪਹਿਲਾਂ ਇਹ ਜਰੂਰੀ ਹੈ ਕਿ ਕੈਂਡੀਡੇਟਸ ਵਲੋਂ ਆਪਣਾ ਰਜਿਸ਼ਟਰੇਸ਼ਨ ਪ੍ਰੋਸੈਸ ਕੰਪਲੀਟ ਕੀਤਾ ਗਿਆ ਹੋਵੇ। ਹਰ ਕੈਂਡੀਡੇਟਸ ਦਾ ਰਜਿਸ਼ਟਰੇਸ਼ਨ ਦਾ ਮੌਜੂਦਾ ਸਟੇਟਸ ਪਹਿਲਾਂ, ਆਪਣੇ ਡੀ.ਆਈ. ਲਾਗ ਇਨ ਵਿਚ ਚੈਕ ਕਰ ਲਿਆ ਜਾਵੇ। ਰਜਿਸ਼ਟਰੇਸ਼ਨ ਕੰਪਲੀਟ ਹੋਣ ਦੇ ਉਪਰੰਤ ਹੀ ਪ੍ਰੋਸੈਸਿੰਗ ਫੀਸ ਸਬਮਿਟ ਕੀਤੀ ਜਾਵੇ।
10. ਹੈਲਪਲਾਈਨ ਈਮੇਲ ਆਈ.ਡੀ. admissioniti2021@gmail.com ਤੇ ਈਮੇਲ ਕਰਨ ਸਮੇਂ ਆਪਣਾ ਮੋਬਾਈਲ ਨੰਬਰ ਵੀ ਲਾਜ਼ਮੀ ਲਿਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਮੌਕੇ ਤੇ ਫੋਨ ਤੇ ਸੰਪਰਕ ਕਰਕੇ ਦਿੱਕਤ ਤੁਰੰਤ ਦੂਰ ਕੀਤੀ ਜਾ ਸਕੇ।